ਦੇਸ਼ ਵਾਸਤੇ

ਰੂਸੀ ਲਿਖਾਰੀਆਂ ਦੀਆਂ ਕਹਾਣੀਆਂ

★

ਪ੍ਰੀਤ ਨਗਰ ਸ਼ਾਪ
੩੦ ਨਿਸਬਤ ਰੋਡ, ਲਾਹੌਰ

ਉ 2
2 27
29330
4
1091

ਕਹਾਣੀ	ਅਨੁਵਾਦਕ
ਮਾਂ	ਸਹਿਰਾਈ
ਖ਼ੂਨ ਦੇ ਦਸ ਟੋਪੇ	.....
ਤਮਾਰਾ ਕੋਲਿਨੀਨਾ	ਸਹਿਰਾਈ
ਪਾਣੀ ਵਾਲਾ	ਪ੍ਰੀਤਮ ਸਿੰਘ
ਗੁਮਨਾਮ ਵੀਰਾਂਗਣਾਂ	ਜਗਜੀਤ ਸਿੰਘ 'ਆਨੰਦ'
ਪੰਜ ਮਲਾਹ	ਮੱਖਣ ਸਿੰਘ

ਮਾਂ

ਕੋਈ ਨਹੀਂ ਜਾਣਦਾ ਕਿ ਅਲੈਗਜ਼ੈਂਡਰਾ ਨੂੰ ਗੁਰੀਲਿਆਂ ਵਿਚ ਸ਼ਾਮਲ ਹੋਣ ਲਈ ਸਦਿਆ ਗਿਆ ਸੀ ਜਾਂ ਨਹੀਂ । ਇਕ ਦਿਨ ਸਿਪਾਹੀਆਂ ਨੇ ਉਹਨੂੰ ਖੰਦਕ ਦੇ ਪਿਛਲੇ ਪਾਸੇ ਤੰਬੂ ਲਾਗੇ ਵੇਖਿਆ। ਉਹਦੀ ਉਮਰ ਪੈਂਤੀ ਚਾਲੀ ਦੀ ਹੋਵੇਗੀ। ਭੇਡ ਦੀ ਖਲ ਦਾ ਲੰਮਾ ਕੋਟ ਅਤੇ ਵਡੇ ਫੌਜੀ ਬੂਟ ਉਸ ਪਾਏ ਹੋਏ ਸਨ। ਬਚਪਨ ਤੋਂ ਹੀ ਸਖਤ ਕੰਮ ਕਰਨ ਦੀ ਆਦੀ ਹੋਣ ਕਰਕੇ ਉਹਨੇ ਝਟ ਕਮਾਂਡਰ ਨੂੰ ਪੁਛਿਆ ਕਿ ਉਹ ਕਿਹੜਾ ਕੰਮ ਕਰੇ। ਕਮਾਂਡਰ ਨੇ ਹਸ ਕੇ ਜਵਾਬ ਦਿਤਾ, "ਸਾਡੀ ਰਸੋਈ ਬਣਾਇਆ ਕਰ।"

ਅਲੈਗਜ਼ੈਂਡਰਾ ਨੇ ਆਪਣੀਆਂ ਬਾਹਾਂ ਚੜ੍ਹਾ ਲਈਆਂ, ਲਾਗਲੀ ਨਦੀ ਤੋਂ ਪਾਣੀ ਦੀ ਬਾਲਟੀ ਲਿਆਈ – ਤੇ ਉਸ ਸਮੇਂ ਤੋਂ ਉਸ ਦਸਤੇ ਦੀ ਪੱਕੀ ਮੈਂਬਰ ਬਣ ਗਈ । ਸਿਪਾਹੀ ਜਦੋਂ ਸਕਾਊਟ-ਡਿਊਟੀ ਤੋਂ ਵਾਪਸ ਆਉਂਦੇ, ਉਹ ਅੱਗ ਉਤੇ ਉਹਨਾਂ ਦੇ ਬੂਟ ਸੁਕਾਉਂਦੀ । ਉਹ ਰਸੋਈਏ ਨਾਲ ਮਿਲਕੇ ਖਾਣਾ ਤਿਆਰ ਕਰਦੀ । ਉਹ ਬੰਦੂਕਾਂ ਸਾਫ਼ ਕਰਦੀ ਤੇ ਤੰਬੂ ਨੂੰ ਝਾੜ ਝੰਬ ਕੇ ਸੁਥਰਾ ਰਖਦੀ। ਉਹ ਦਿਨ ਰਾਤ ਕੰਮ ਵਿਚ ਰੁਝੀ ਰਹਿੰਦੀ। ਦਸਤੇ ਦੇ ਸਾਰੇ ਆਦਮੀ ਉਹਦੇ ਆਪਣੇ ਹੀ ਬਣ ਗਏ ਸਨ। ਉਹ ਉਹਨਾਂ ਨੂੰ "ਮੇਰੇ ਬੱਚੇ" ਕਹਿ ਕੇ ਬੁਲਾਂਦੀ ਤੇ ਉਹ ਉਹਨੂੰ 'ਮਾਂ' ਦੇ ਅਤਿ ਮਿੱਠੇ ਨਾਂ ਨਾਲ ਬੁਲਾਂਦੇ।

ਦਸਤੇ ਨੂੰ ਉਥੇ ਠਹਿਰਿਆਂ ਦੋ ਹਫਤੇ ਹੋ ਗਏ ਸਨ। ਬਰਫ ਪੈਣੀ

ਸ਼ੁਰੂ ਹੋ ਗਈ ਸੀ। ਸਖਤ ਤੇ ਉਚੀ ਨੀਵੀਂ ਥਾਂ ਪਧਰੀ ਹੋ ਗਈ। ਜੰਗਲ ਦੇ ਪੰਛੀਆਂ ਦਾ ਸ਼ੋਰ ਬੰਦ ਹੋ ਗਿਆ। ਪਰ ਬੰਦੂਕਾਂ ਤੇ ਮਸ਼ੀਨਗੰਨਾਂ ਦੀ ਆਵਾਜ਼, ਲਕੜੀ ਦੇ ਜੰਗਲ ਤੇ ਰਗੜੀਂਦੀ ਸੋਟੀ ਦੀ ਆਵਾਜ਼ ਵਾਂਗ, ਜਾਰੀ ਰਹੀ। ਲਾਲ ਸਿਪਾਹੀ ਦੁਸ਼ਮਣਾਂ ਦੀ ਆਵਾਜਾਈ ਤੇ ਛਾਪੇ ਮਾਰਦੇ ਤੇ ਵੈਰੀ ਦੇ ਛੋਟੇ ਛੋਟੇ ਦਸਤਿਆਂ ਤੇ ਅਚਾਨਕ ਹਮਲਾ ਕਰਕੇ ਉਨ੍ਹਾਂ ਨੂੰ ਮਾਰ ਮੁਕਾਂਦੇ, ਤੇ ਕਈ ਬੰਦੂਕਾਂ, ਕਾਰਤੂਸ ਤੇ ਹੋਰ ਸਾਮਾਨ ਖੋਹਕੇ ਵਾਪਸ ਮੁੜਦੇ। ਕਮਾਂਡਰ ਪੇਵਲ ਫੋਮਿਨ ਦਸਤੇ ਨੂੰ ਕਿਸੇ ਵੱਡੇ ਹੱਲੇ ਲਈ ਤਿਆਰ ਕਰ ਰਿਹਾ ਸੀ।

ਦੁਸ਼ਮਣ ਮਾਸਕੋ ਤੇ ਤਾਜ਼ਾ ਹਮਲਾ ਕਰਨ ਲਈ ਨਵੀਆਂ ਪੈਂਜ਼ਰ ਡਵੀਜ਼ਨਾਂ ਪੋਰਚੇ ਤੇ ਸੁਟ ਰਿਹਾ ਸੀ। ਕਮਾਂਡਰ ਨੇ ਫੈਸਲਾ ਕੀਤਾ ਕਿ ਉਹ ਪੁਲ ਉਡਾ ਦਿਤਾ ਜਾਵੇ, ਜਿਸ ਤੋਂ ਦੀ ਲੰਘਕੇ ਜਰਮਨ ਅਗੇ ਵਧ ਰਹੇ ਹਨ। ਉਸ ਨੂੰ ਇਕ ਤਜਰਬਾਕਾਰ ਗਾਈਡ (ਰਾਹਨੁਮਾ) ਦੀ ਲੋੜ ਸੀ, ਜਿਹੜਾ ਜੰਗਲ ਦੇ ਅਲੋਪ ਰਾਹਾਂ ਤੇ ਡੰਡੀਆਂ ਤੋਂ ਜਾਣੂ ਹੋਵੇ ਕਿਉਂਕਿ ਜੰਗਲ ਦੇ ਆਮ ਰਾਹ ਤੋਂ ਦੀ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਅਲੈਗਜ਼ੈਂਡਰਾ ਨੇ ਏਸ ਕੰਮ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਇਲਾਕੇ ਦੀ ਹੋਣ ਕਰਕੇ ਉਹਨੂੰ ਜੰਗਲ ਦੇ ਚੱਪੇ ਚੱਪੇ ਦਾ ਪਤਾ ਸੀ। ਉਹਦਾ ਪਿੰਡ ਲਾਗੇ ਹੀ ਸੀ ਤੇ ਉਹ ਕਈ ਵਾਰ ਸਾਰਾ ਸਾਰਾ ਦਿਨ ਏਥੇ ਖੁੰਬਾਂ ਤੇ ਬੇਰ ਇਕੱਠੇ ਕਰਦੀ ਰਹਿੰਦੀ ਸੀ। ਬੀਤੇ ਸਮਿਆਂ ਵਿਚ ਆਪਣੀ ਮਾਂ ਨਾਲ ਉਹ ਪਿੰਡ ਦੇ ਜ਼ਿਮੀਂਦਾਰ ਲਈ ਏਥੇ, ਉਵਾਰੋਵੋ ਦੇ ਨੇੜੇ ਹੀ ਪਿੰਡ ਦੇ ਜ਼ਿਮੀਂਦਾਰ ਲਈ ਮਿਹਨਤ ਕਰਦੀ ਸੀ। ਇਨਕਲਾਬ ਤੋਂ ਬਾਅਦ ਉਵਾਰੋਵੋ ਦੇ ਦੇਹਾਤੀ ਸਕੂਲ ਵਿਚ ਉਹ ਪੜ੍ਹਦੀ ਰਹੀ ਸੀ। ਜੰਗ ਸ਼ੁਰੂ ਹੋਣ ਸਮੇਂ ਉਹ ਯੈਰੀਸ਼ੋਵ ਪਿੰਡ ਦੀ ਸੋਵੀਅਟ ਦੀ ਪਰਧਾਨ ਸੀ। ਉਵਾਰੋਵੋ ਜੰਗਲ ਨੂੰ ਉਹਦੇ ਨਾਲੋਂ ਚੰਗੇਰਾ ਹੋਰ ਕੋਣ ਜਾਣ ਸਕਦਾ ਸੀ ਤੇ ਕਮਾਂਡਰ ਨੇ ਏਸ ਕੰਮ ਲਈ ਉਹਨੂੰ ਹੀ ਚੁਣਿਆ।

ਅੱਧੀ ਰਾਤ ਨੂੰ ਐਨ ਉਸ ਵੇਲੇ ਜਦੋਂ ਜਰਮਨ ਟੈਂਕ ਤੇ ਸਿਪਾਹੀਆਂ

ਦੀਆਂ ਭਰੀਆਂ ਲਾਰੀਆਂ ਪੁਲ ਤੋਂ ਦੀ ਲੰਘ ਰਹੀਆਂ ਸਨ, ਇਹਨੂੰ ਉਡਾ ਦਿਤਾ ਗਿਆ। ਸਿਪਾਹੀ ਸਵੇਰ ਸਾਰ ਆਪਣੇ ਤੰਬੂ ਵਿਚ ਵਾਪਸ ਆਏ, ਥੱਕੇ ਟੁੱਟੇ, ਭੁਖੇ, ਪਰ ਸਕੂਲ ਦੇ ਬੱਚਿਆਂ ਵਾਂਗ ਖੁਸ਼। ਸਿਰਫ ਅਲੈਗਜ਼ੈਂਡਰਾ ਹੀ ਸਾਰਾ ਦਿਨ ਖੰਦਕ ਦੇ ਇਕ ਖੂੰਜੇ ਵਿਚ ਗੁਛਾ ਮੁਛਾ ਹੋਕੇ ਬੈਠੀ ਰਹੀ। ਭਾਵੇਂ ਉਸ ਖੱਲ ਦਾ ਕੋਟ ਪਾਇਆ ਹੋਇਆ ਸੀ, ਪਰ ਉਹਨੂੰ ਕਾਂਬਾ ਛਿੜਿਆ ਰਿਹਾ। ਉਹ ਪੀਲੀ ਪੈ ਗਈ। ਤੇ ਡਾਢੀ ਤੰਗ ਦਿਸਦੀ ਸੀ। ਦੋ ਵਾਰ ਕਮਾਂਡਰ ਉਹਦੇ ਕੋਲ ਗਿਆ, ਪਰ ਆਪਣੇ ਆਪ ਨੂੰ ਸੁੱਤੀ ਹੋਈ ਜ਼ਾਹਰ ਕਰਨ ਲਈ ਉਹ ਆਪਣਾ ਕੋਟ ਖਿਚ ਕੇ ਅੱਖਾਂ ਤੇ ਲੈ ਲੈਂਦੀ।

ਅਗਲੇ ਦਿਨ ਉਹ ਸਵੇਰੇ ਹੀ ਉਠੀ, ਆਪਣਾ ਕੋਟ ਪਹਿਨਿਆ, ਚਾਹ ਲਈ ਪਾਣੀ ਉਬਾਲਿਆ, ਤੰਬੂ ਠੀਕ ਠਾਕ ਕੀਤਾ, ਫੇਰ ਸਿਪਾਹੀਆਂ ਨੂੰ ਮਿਲਣ ਗਈ, ਕਮਾਂਡਰ ਨੂੰ ਉਸ ਆਖਿਆ, "ਮੈਂ ਹੁਣ ਠਹਿਰ ਨਹੀਂ ਸਕਦੀ। ਮੈਂ ਬਹੁਤ ਕਮਜ਼ੋਰ ਹੋ ਗਈ ਹਾਂ, ਤੇ ਤੁਹਾਡੇ ਤੇ ਭਾਰੂ ਹੋਣਾ ਨਹੀਂ ਚਾਹੁੰਦੀ। ਜਾਣ ਨੂੰ ਮੇਰਾ ਉੱਕਾ ਹੀ ਜੀ ਨਹੀਂ ਕਰਦਾ ਪਰ....."

ਅਲੈਗਜ਼ੈਂਡਰਾ ਦੇ ਚਲੇ ਜਾਣ ਦੇ ਅਸਲੀ ਕਾਰਨ ਦਾ ਪਤਾ ਕਿਸੇ ਨੂੰ ਵੀ ਨਹੀਂ ਸੀ। ਰਾਤ ਨੂੰ ਰਸੋਈਏ ਨੇ ਦਸਿਆ ਕਿ ਉਹਨੂੰ ਬੱਚਾ ਹੋਣ ਵਾਲਾ ਸੀ। ਇਸੇ ਕਰਕੇ ਉਹ ਖੱਲ ਦਾ ਲੰਮਾ ਕੋਟ ਪਾਈ ਰਖਦੀ ਸੀ। ਰਾਤ ਨੂੰ ਜਦ ਉਹ ਪੁਲ ਵਲ ਸਿਪਾਹੀਆਂ ਦੀ ਰਹਿਨੁਮਾਈ ਕਰ ਰਹੀ ਸੀ, ਉਹ ਰਸਤੇ ਵਿਚ ਆਰਾਮ ਕਰਨ ਲਈ ਤਿੰਨ ਵਾਰ ਠਹਿਰੀ ਸੀ, ਤੇ ਸਿਪਾਹੀਆਂ ਨੂੰ ਉਸ ਲਈ ਉਡੀਕਣਾ ਪਿਆ ਸੀ।

ਰਸੋਈਆ ਚੁਪ ਸੀ। ਬੰਬਾਂ ਤੇ ਗੋਲਿਆਂ ਦੇ ਫਟਣ ਦੀ ਆਵਾਜ਼ ਨੇ ਉਹਨਾਂ ਨੂੰ ਉਹਨਾਂ ਭਿਆਨਕ ਲੜਾਈਆਂ ਦਾ ਚੇਤਾ ਲਿਆਂਦਾ, ਜਿਹੜੀਆਂ ਖੇਤਾਂ ਵਿਚ, ਸੜਕਾਂ ਅਤੇ ਜੰਗਲ ਵਿਚ ਲੜੀਆਂ ਜਾ ਰਹੀਆਂ ਸਨ, ਪਰ ਇਹ ਲੜਾਈਆਂ ਵੀ ਇਸਤ੍ਰੀ-ਜੀਵਨ ਦੀਆਂ ਇਹਨਾਂ ਆਮ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.